**Exam. Code : 110601**
**Subject Code : 2873**

# Bachelor of Vocation (Fashion Technology)

## 1st Semester

## PUNJABI COMPULSORY

### Paper–II (i)

Time Allowed—3 Hours] [Maximum Marks—50

**ਨੋਟ :–** ਹਰੇਕ ਭਾਗ ਵਿੱਚੋਂ ਘੱਟੋ-ਘੱਟ **ਇਕ** ਪ੍ਰਸ਼ਨ ਦੀ ਚੋਣ ਕਰਦੇ ਹੋਏ, ਕੁੱਲ **ਪੰਜ** ਪ੍ਰਸ਼ਨ ਕਰੋ। **ਪੰਜਵਾਂ** ਪ੍ਰਸ਼ਨ ਕਿਸੇ ਵੀ ਭਾਗ ਵਿੱਚੋਂ ਕੀਤਾ ਜਾ ਸਕਦਾ ਹੈ। ਸਾਰੇ ਪ੍ਰਸ਼ਨਾਂ ਦੇ ਅੰਕ ਬਰਾਬਰ ਹਨ।

### ਭਾਗ–ੳ

1. 'ਸੁੰਨੇ ਸੁੰਨੇ ਰਾਹਾਂ ਵਿਚ' ਕਵਿਤਾ ਦਾ ਸਾਰ ਆਪਣੇ ਸ਼ਬਦਾਂ ਵਿਚ ਲਿਖੋ।
2. ਹੇਠ ਲਿਖੇ ਕਾਵਿ-ਟੋਟੇ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ :

   ਸੁਪਨੇ ਵਿਚ ਤੁਸੀ ਮਿਲੇ ਅਸਾਨੂੰ
   ਅਸਾਂ ਧਾ ਗਲਵਕੜੀ ਪਾਈ,
   ਨਿਰਾ ਨੂਰ ਤੁਸੀਂ ਹੱਥ ਨਾ ਆਏ
   ਸਾਡੀ ਕੰਬਦੀ ਰਹੀ ਕਲਾਈ।

### ਭਾਗ–ਅ

3. 'ਗੁਰੂ ਕਾ ਬਾਗ ਅਤੇ ਮੁਲਤਾਨ' ਸੰਸਮਰਣ ਦਾ ਸੰਖੇਪ ਸਾਰ ਲਿਖੋ।
4. '1917 ਤੋਂ ਪਹਿਲਾਂ ਰੂਸ' ਸੰਸਮਰਣ ਦੀ ਲਿਖਣ-ਸ਼ੈਲੀ ਸੰਬੰਧੀ ਆਪਣੇ ਵਿਚਾਰ ਪੇਸ਼ ਕਰੋ।

### ਭਾਗ–ੲ

5. ਹੇਠ ਲਿਖੇ ਵਿਸ਼ਿਆਂ ਵਿਚੋਂ ਕਿਸੇ **ਇਕ** ਉਤੇ ਪੈਰ੍ਹਾ ਰਚਨਾ ਲਿਖੋ :

   (ੳ) ਪਰਵਾਸ ਦਾ ਰੁਝਾਨ
   (ਅ) ਵਾਤਾਵਰਨ ਪ੍ਰਦੂਸ਼ਣ ਦੀ ਸਮੱਸਿਆ
   (ੲ) ਮਨੁੱਖ ਅਤੇ ਕੁਦਰਤ।



Scanned with CamScanner

6. ਹੇਠ ਲਿਖੇ ਪੈਰ੍ਹੇ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਦਿਓ :

ਜਨ ਸੰਪਰਕ ਦੇ ਹਰ ਕਾਰਜ ਅਤੇ ਹਰ ਪੱਖ ਦੀ ਸਫ਼ਲਤਾ ਇਕ ਚੀਜ਼ 'ਤੇ ਨਿਰਭਰ ਕਰਦੀ ਹੈ, ਉਹ ਹੈ-ਸੰਚਾਰ। ਜੇ ਸੰਚਾਰ ਹੀ ਸਾਫ਼ ਅਤੇ ਸਫ਼ਲ ਨਹੀਂ ਹੋਵੇਗਾ ਤਾਂ ਜਨ ਸੰਪਰਕ ਦੇ ਸਭ ਸਾਧਨ ਅਤੇ ਮਾਧਿਅਮ ਨਿਸਫਲ ਹੋ ਜਾਣਗੇ। ਇਹ ਕਿਹਾ ਜਾ ਚੁੱਕਿਆ ਹੈ ਕਿ ਜਨ ਸੰਪਰਕ ਦੂਜੇ ਦੀ ਰਾਇ ਨੂੰ ਪ੍ਰਭਾਵਿਤ ਕਰਕੇ ਆਪਣੇ ਨਾਲ ਸਹਿਮਤ ਕਰਨਾ ਹੈ। ਰਾਇ ਨੂੰ ਪ੍ਰਭਾਵਿਤ ਕਰਨ ਦੇ ਕਈ ਢੰਗ ਹਨ- ਸ਼ਕਤੀ ਦੀ ਵਰਤੋਂ, ਧਨ, ਖ਼ਰਚ ਜਾਂ ਪ੍ਰੇਰਨਾ ਦੁਆਰਾ। ਜਨ ਸੰਪਰਕ ਸਿਰਫ਼ ਇਕੋ ਹੀ ਸਾਧਨ ਵਰਤਦਾ ਹੈ ਅਤੇ ਉਹ ਹੈ ਪ੍ਰੇਰਨਾ ਅਤੇ ਸਿਰਫ਼ ਸੰਚਾਰ ਦੁਆਰਾ ਪ੍ਰੇਰਨਾ। ਇਸ ਲਈ ਸੰਚਾਰ ਨੂੰ ਜਨ ਸੰਪਰਕ ਪ੍ਰਕਿਰਿਆ ਵਿਚ ਮਹੱਤਵਪੂਰਨ ਸਥਾਨ ਦਿੱਤਾ ਜਾਂਦਾ ਹੈ। ਸਫ਼ਲ ਸੰਚਾਰ ਉਹੀ ਹੈ ਜਿਸ ਰਾਹੀਂ ਸੂਚਨਾ ਦੇਣ ਵਾਲੇ ਅਤੇ ਸੂਚਨਾ ਲੈਣ ਵਾਲੇ ਵਿਚਕਾਰ ਵੱਧ ਤੋਂ ਵੱਧ ਸਾਂਝ ਪੈਦਾ ਕੀਤੀ ਜਾ ਸਕੇ। ਚੰਗੇ ਸੰਚਾਰ ਦੁਆਰਾ ਹੀ ਪ੍ਰੇਰਨਾ ਦਿੱਤੀ ਜਾ ਸਕਦੀ ਹੈ ਅਤੇ ਚੰਗੇ ਸੰਚਾਰ ਦੁਆਰਾ ਹੀ ਕਿਸੇ ਨਾਲ ਤਾਲਮੇਲ ਕਾਇਮ ਰੱਖਿਆ ਜਾ ਸਕਦਾ ਹੈ। ਸੰਸਕ੍ਰਿਤ ਬੋਲੀ ਤੋਂ ਲਿਆ ਗਿਆ ਸ਼ਬਦ 'ਸੰਚਾਰ' ਦਾ ਅਰਥ ਹੈ ਕਿਸੇ ਵਸਤੂ ਦਾ ਇਕ ਥਾਂ ਤੋਂ ਦੂਜੀ ਥਾਂ ਲਿਜਾਣਾ। ਇਥੇ ਇਸ ਨੂੰ ਇਕ ਮਨੁੱਖ ਦੇ ਵਿਚਾਰ ਅਤੇ ਭਾਵਾਂ ਨੂੰ ਦੂਜੇ ਮਨੁੱਖ ਤੱਕ ਲਿਜਾਣ ਦੇ ਸੰਦਰਭ ਵਿਚ ਵਰਤਿਆ ਹੈ। ਸੰਚਾਰ ਦੇ ਮਨੁੱਖਾਂ ਵਿਚਕਾਰ ਵਿਚਾਰਾਂ ਦੇ ਪ੍ਰਗਟਾਵੇ ਦੁਆਰਾ ਸਾਂਝ ਪਾਉਣ ਦਾ ਇਕ ਸਾਧਨ ਬਣ ਜਾਂਦਾ ਹੈ।

(ੳ) ਉਪਰੋਕਤ ਪੈਰ੍ਹੇ ਦਾ ਢੁੱਕਵਾਂ ਸਿਰਲੇਖ ਦਿਓ।

(ਅ) ਉਪਰੋਕਤ ਰਚਨਾ ਦਾ ਕੇਂਦਰੀ ਭਾਵ ਲਿਖੋ।

(ੲ) ਜਨ ਸੰਪਰਕ ਦੀ ਸਫ਼ਲਤਾ ਕਿਸ ਉਪਰ ਨਿਰਭਰ ਕਰਦੀ ਹੈ ਅਤੇ ਕਿਵੇਂ ?

(ਸ) ਜਨ ਸੰਪਰਕ ਅਤੇ ਸੰਚਾਰ ਵਿਚ ਕੀ ਅੰਤਰ ਹੈ ?

(ਹ) ਲਕੀਰੇ ਸ਼ਬਦ ਦੇ ਅਰਥ ਲਿਖੋ।

## ਭਾਗ–ਸ

7. ਪੰਜਾਬੀ ਦੀਆਂ ਸਵਰ ਧੁਨੀਆਂ 'ਤੇ ਨੋਟ ਲਿਖੋ।

8. ਭਾਸ਼ਾ ਦੀ ਪਰਿਭਾਸ਼ਾ ਦਿੰਦਿਆਂ ਹੋਇਆਂ ਪੰਜਾਬੀ ਦੀਆਂ ਉਪ-ਭਾਸ਼ਾਵਾਂ ਦੇ ਪਛਾਣ ਚਿੰਨ੍ਹਾਂ 'ਤੇ ਨੋਟ ਲਿਖੋ।



Scanned with CamScanner